# ਪੰਜਾਬ ਸਰਕਾਰ
# ਸਿੱਖਿਆ ਵਿਭਾਗ

ਵੱਲ :

**ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ**
**ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ**
**ਸਮੂਹ ਸਕੂਲ ਮੁਖੀ, ਸਰਕਾਰੀ ਸਕੂਲ, ਪੰਜਾਬ**

ਮੀਮੋ ਨੰ : 13/1-2018/SSA/MIS/22536
ਮਿਤੀ : ਚੰਡੀਗੜ੍ਹ 15 ਜੂਨ, 2018

**ਵਿਸ਼ਾ : ਅਧਿਆਪਕਾਂ ਦੀਆਂ ਏ.ਸੀ.ਆਰ. ਆਨਲਾਈਨ ਅਪਲੋਡ ਕਰਨ ਸਬੰਧੀ।**

1.0 ਸਿੱਖਿਆ ਵਿਭਾਗ ਵਲੋਂ ਈਪੰਜਾਬਸਕੂਲ ਪੋਰਟਲ ਅਧੀਨ ਅਧਿਆਪਕਾਂ ਦੀਆਂ ਏ.ਸੀ.ਆਰ. ਆਨਲਾਈਨ ਅਪਲੋਡ ਕਰਨ ਲਈ ਸਾਫਟਵੇਅਰ ਤਿਆਰ ਕੀਤਾ ਗਿਆ ਹੈ। ਇਸ ਸਾਫਟਵੇਅਰ ਦੀ ਮਦਦ ਨਾਲ ਈਪੰਜਾਬਸਕੂਲ ਪੋਰਟਲ ਉੱਤੇ ਹਰ ਅਧਿਆਪਕ ਆਪਣੀਆਂ ਸਮੂਚੀਆਂ ਏ.ਸੀ.ਆਰ. ਅਪਲੋਡ ਕਰ ਸਕਦਾ ਹੈ।

2.0 ਹਰ ਅਧਿਆਪਕ ਆਪਣੀਆਂ ਸਾਰੀਆਂ ਏ.ਸੀ.ਆਰ. ਇਸ ਪੋਰਟਲ ਉਤੇ ਅਪਲੋਡ ਕਰੇਗਾ ਅਤੇ ਇਸ ਉਪਰੰਤ ਇਨ੍ਹਾਂ ਏ.ਸੀ.ਆਰ. ਨੂੰ ਆਨਲਾਈਨ ਹੀ ਸਬੰਧਤ ਡੀ.ਡੀ.ਓ. ਵਲੋਂ ਵੈਰੀਫਾਈ ਵੀ ਕੀਤਾ ਜਾਵੇਗਾ। ਏ.ਸੀ.ਆਰ. ਇੱਕ ਵਾਰ ਅਪਲੋਡ ਹੋਣ ਉਪਰੰਤ ਜੇਕਰ ਡੀ.ਡੀ.ਓ. ਵਲੋਂ ਵੈਰੀਫਾਈ ਕਰ ਦਿੱਤੀ ਜਾਂਦੀ ਹੈ ਤਾਂ ਇਸ ਵਿਚ ਦੁਬਾਰਾ ਕੋਈ ਵੀ ਤਬਦੀਲੀ ਨਹੀਂ ਕੀਤੀ ਜਾ ਸਕੇਗੀ। ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਕਿਸੇ ਅਧਿਆਪਕ ਦੀ ਏ.ਸੀ.ਆਰ. ਨੂੰ ਡੀ.ਡੀ.ਓ. ਵਲੋਂ ਉਦੋਂ ਹੀ ਵੈਰੀਫਾਈ ਕੀਤਾ ਜਾਵੇ ਜੇਕਰ ਅਧਿਆਪਕ ਨੇ ਆਪਣੀਆਂ ਸਾਰੀਆਂ ਏ.ਸੀ.ਆਰ. ਅਪਲੋਡ ਕਰ ਦਿੱਤੀਆਂ ਹਨ। ਅਧਿਆਪਕ ਜਿਸ ਸਾਲ ਤੋਂ ਸਰਵਿਸ ਵਿਚ ਆਇਆ ਹੈ ਉਸ ਸਾਲ ਤੋਂ ਲੈ ਕੇ ਵਰਤਮਾਨ ਸਾਲ ਤੱਕ ਦੀਆਂ ਸਾਰੀਆਂ ਏ.ਸੀ.ਆਰ. ਅਪਲੋਡ ਕੀਤੀਆਂ ਜਾਣ। ਏ.ਸੀ.ਆਰ. ਅਪਲੋਡ ਕਰਨ ਲਈ ਹੇਠ ਲਿਖੀਆਂ ਤਿੰਨ ਆਪਸ਼ਨ ਉਪਲਬਧ ਹਨ :-

| ਲੜੀ ਨੰਬਰ | ਆਪਸ਼ਨ | ਵਿਸ਼ੇਸ਼ ਕਥਨ |
|---|---|---|
| 1 | ACR Available | ਜੇਕਰ ਏ.ਸੀ.ਆਰ. ਉਪਲਬਧ ਹੈ ਤਾਂ ਇਸ ਆਪਸ਼ਨ ਨੂੰ ਸਲੈਕਟ ਕਰਕੇ ਏ.ਸੀ.ਆਰ. ਅਪਲੋਡ ਕੀਤੀ ਜਾਵੇ। |
| 2 | NAC Issued | ਜੇਕਰ ਏ.ਸੀ.ਆਰ. ਉਪਲਬਧ ਨਹੀਂ ਹੈ ਅਤੇ NAC (Non Availability Certificate) ਜਾਰੀ ਕੀਤਾ ਗਿਆ ਹੈ ਤਾਂ ਇਸ ਆਪਸ਼ਨ ਨੂੰ ਸਲੈਕਟ ਕਰਕੇ NAC ਅਪਲੋਡ ਕੀਤਾ ਜਾਵੇ। |
| 3 | ACR & NAC not available | ਜੇਕਰ ਏ.ਸੀ.ਆਰ. ਅਤੇ NAC ਉਪਲਬਧ ਨਹੀਂ ਹੈ ਤਾਂ ਇਸ ਆਪਸ਼ਨ ਨੂੰ ਸਲੈਕਟ ਕੀਤਾ ਜਾਵੇ। ਇਸ ਤੋਂ ਭਾਵ ਕਿ ਜਦੋਂ ਵੀ ਏ.ਸੀ.ਆਰ. ਜਾਂ NAC ਉਪਲਬਧ ਹੁੰਦੀ ਹੈ ਤਾਂ ਅਧਿਆਪਕ ਭਵਿੱਖ ਵਿਚ ਅਪਲੋਡ ਕਰ ਸਕਦਾ ਹੈ। |

3.0 ਜਿਸ ਅਧਿਆਪਕ ਵਲੋਂ ਆਪਣੀਆਂ ਏ.ਸੀ.ਆਰ. ਅਪਲੋਡ ਕਰ ਦਿੱਤੀਆਂ ਜਾਣਗੀਆਂ ਉਸ ਤੋਂ ਦੁਬਾਰਾ ਇਨ੍ਹਾਂ ਏ.ਸੀ.ਆਰ. ਦੀ ਕਾਪੀ ਕਿਸੇ ਵੀ ਪੱਧਰ ਉੱਤੇ ਨਹੀਂ ਮੰਗੀ ਜਾਵੇਗੀ। ਆਨਲਾਈਨ ਅਪਲੋਡ ਅਤੇ ਡੀ.ਡੀ.ਓ. ਵਲੋਂ ਵੈਰੀਫਾਈ ਕੀਤੀਆਂ ਏ.ਸੀ.ਆਰ. ਹੀ ਵਰਤੀਆਂ ਜਾਣਗੀਆਂ।

4.0 ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਜੋ ਵੀ ਏ.ਸੀ.ਆਰ. ਸਕੈਨ ਕਰਕੇ ਅਪਲੋਡ ਕੀਤੀ ਜਾਵੇ ਉਹ ਠੀਕ ਤਰਾਂ ਨਾਲ ਸਕੈਨ ਕੀਤੀ ਹੋਵੇ ਅਤੇ ਪੜ੍ਹਨਯੋਗ ਹੋਵੇ।

**ਸਕੱਤਰ ਸਕੂਲ ਸਿੱਖਿਆ, ਪੰਜਾਬ**